Exam.Code:0029
Sub. Code: 0929

2012
Bachelor of Computer Application
Third Semester
BCA-16-301: Punjabi (Compulsory)

Time allowed: 3 Hours Max. Marks: 45

ਨੋਟ:- ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ। ਵੱਖ-ਵੱਖ ਭਾਗਾਂ ਵਾਲੇ ਸਾਰੇ ਸਵਾਲ ਇਕ ਥਾਂ ਤੇ ਕਰੋ।

*x-x-x*

1. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

ਉਹ ਆਇਆ ਜਹਾਜ਼ ਪਿਆਰੇ ਦਾ ਲਹਿਰਾਂ 'ਤੇ ਟੁਰਦਾ,
ਜਹਾਜ਼ ਵਿਚ ਬੈਠਾ ਮੇਰੇ ਸਿਰ ਦਾ ਸਾਈਂ।
ਮੈਂ ਤਾਂ ਓੜ ਸਮੁੰਦਰ ਨੂੰ ਪਿਆਰਿਆ, ਮੈਂ ਤਾਂ ਸਮੁੰਦਰ ਸਾਰੇ ਥੀਂ ਵਾਰੀ ਵਾਰੀ
ਜਿਸ ਉੱਤੇ ਆਇਆ ਜਹਾਜ਼ ਉਹ ਪਿਆਰੇ ਦਾ।
ਮੈਂ ਤਾਂ ਘੋਲ ਘੁਮਾਈਆਂ ਸਮੁੰਦਰ ਸਾਰੇ ਦੇ ਪਾਣੀਆਂ,
ਮੈਂ ਉਹਦੇ ਕੇਸਰੀ-ਸਿਰ 'ਤੇ ਹੱਥ ਫੇਰਦੀ।

ਜਾਂ

ਜਿਥੇ ਵਜਦੀ ਸੀ ਫੂਕ ਪਿਆਰ ਦੀ ਵੇ ਉਹ ਵੰਝਲੀ ਗਈ ਗੁਆਚ।
ਰਾਂਝੇ ਦੇ ਸਭ ਵੀਰ ਅਜ ਭੁਲ ਗਏ ਉਹਦੀ ਜਾਚ
ਧਰਤੀ ਤੇ ਲਹੂ ਵੱਸਿਆ ਕਬਰਾਂ ਪਈਆਂ ਚੋਣ
ਪ੍ਰੀਤ ਦੀਆਂ ਸ਼ਾਹਜ਼ਾਦੀਆਂ ਅਜ ਵਿਚ ਮਜ਼ਾਰਾਂ ਰੋਣ 5
ਅਜ ਸੱਭੇ ਕੈਦੋ ਬਣ ਗਏ ਹੁਸਨ ਇਸ਼ਕ ਦੇ ਚੋਰ
ਅਜ ਕਿਥੋਂ ਲਿਆਈਏ ਲੱਭ ਕੇ ਵਾਰਸ ਸ਼ਾਹ ਇਕ ਹੋਰ
ਅਜ ਆਖਾਂ ਵਾਰਸ ਸ਼ਾਹ ਨੂੰ ਤੂੰਹੇਂ ਕਬਰਾਂ ਵਿਚੋਂ ਬੋਲ।
ਤੇ ਅਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ

2. ਕਿਸੇ ਇਕ ਕਵਿਤਾ ਦਾ ਕੇਂਦਰੀ-ਭਾਵ ਲਿਖੋ:

(ੳ) ਰਾਧਾ ਸੰਦੇਸ਼ (ਅ) ਅਸ਼ੋਕਾ ਚੇਤੀ (ੲ) ਖੇੜਾ 5

3. ਕਿਸੇ ਇਕ ਕਹਾਣੀ ਦਾ ਸਾਰ ਲਿਖੋ:

(ੳ) ਬਸ਼ੀਰਾ (ਅ) ਮਾਮਲਾ 5

4. ਕਿਸੇ ਇਕ ਕਵੀ ਜਾਂ ਕਹਾਣੀਕਾਰ ਦੇ ਜੀਵਨ , ਰਚਨਾ ਅਤੇ ਸਾਹਿਤ ਨੂੰ ਯੋਗਦਾਨ ਬਾਰੇ ਲਿਖੋ:

(ੳ) ਭਾਈ ਵੀਰ ਸਿੰਘ (ਅ) ਕੁਲਵੰਤ ਸਿੰਘ ਵਿਰਕ 8

5. ਹੇਠ ਦਿੱਤੇ ਗਏ ਵਿਸ਼ਿਆਂ ਵਿਚੋਂ ਕਿਸੇ ਇਕ ਵਿਸ਼ੇ ਤੇ (ਲਗਭਗ 500 ਸ਼ਬਦਾਂ ਵਿਚ) ਲੇਖ ਲਿਖੋ।
(ੳ) ਵਾਤਾਵਰਣ ਦੀ ਸੰਭਾਲ (ਅ) ਵੱਧਦੀ ਮਹਿੰਗਾਈ (ੲ) ਲਾਇਬਰੇਰੀ ਦੇ ਲਾਭ (ਸ) ਕੰਪਿਊਟਰ ਦਾ ਵੱਧ ਰਿਹਾ ਪ੍ਰਭਾਵ 7

P.T.O.

6. ਕਿਸੇ ਸੱਤ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:

ਆਯਾ, ਐਕਤਾਂ, ਸ਼ੈਹਰ, ਸਿਪਾਈ, ਵੋਹਟੀ, ਅੰਬਰਸਰ, ਦੂਸਹੈਰਾ, ਇਕਹੈਰਾ, ਅਬਿਆਸ, ਵਯਾਕਰਣ 7

7. ਕਿਸੇ ਅੱਠ ਵਾਕਾਂ ਨੂੰ ਸੋਧ ਕੇ ਲਿਖੋ:

(ੳ) ਕੁੜੀ ਗਾਉਂਦਾ ਹੈ।

(ਅ) ਤੁਸੀਂ ਕੀ ਸ਼ਹਿਰ ਜਾਓਗੇ?

(ੲ) ਸ਼ੀਲਾ ਰੋਟੀ ਪਕਾਈ।

(ਸ) ਘੋੜਾ ਦੌੜਦਾ ਹੈ ਤੇਜ਼।

(ਹ) ਪ੍ਰਿੰਸੀਪਲ ਹੁੰਦਾ ਮੈਂ ਕਾਸ਼!

(ਕ) ਉਹ ਘਰ ਜਾਂਦੇ ਹੈ ਆਪਣੇ।

(ਖ) ਬਲਦ ਤੇ ਗਾਵਾਂ ਘਾਹ ਚਰਦੀ ਹੈ। 8

(ਗ) ਕੁੱਤਾ ਕਾਲਾ ਭੌਂਕਦਾ ਹੈ।

(ਘ) ਉੱਜੜਿਆ ਬਾਗਾਂ ਦੇ ਪਟਵਾਰੀ ਗਾਲੜੀ।

(ਙ) ਜਲੇਬੀ ਹੈ ਖਾਂਦੀ ਉਹ।

x-x-x